# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
   ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/52062-52101
ਮਿਤੀ,ਚੰਡੀਗੜ੍ਹ 09 ਜੁਲਾਈ,2009

**ਵਿਸ਼ਾ:- ਪੰਜਾਬ ਦੇ ਸਰਕਾਰੀ ਸਕੂਲਾਂ ਵਿਚ 5ਵੀਂ ਤੋਂ ਦਸਵੀਂ ਤੱਕ ਜਮਾਤਾਂ ਦੇ ਮਹੀਨਾਵਾਰ ਟੈਸਟਾਂ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਦੇ ਹੁਕਮਾਂ ਅਨੁਸਾਰ ਪੱਤਰ ਨੰ:8/19/2005-ਸੀ6/1325, ਮਿਤੀ 07/07/09 ਦੇ ਅਨੁਸਾਰ ਗਰਮੀਆਂ ਦੀਆਂ ਛੁੱਟੀਆਂ 12 ਜੁਲਾਈ,2009 ਤੱਕ ਹੋ ਗਈਆਂ ਹਨ।ਇਸ ਕਰਕੇ ਅਤੇ ਮਈ ਮਹੀਨੇ ਵਿਚ ਕਈ ਜ਼ਿਲ੍ਹਿਆਂ ਵਿੱਚ ਕਰਫਿਊ ਲੱਗਣ ਕਾਰਨ ਕਈ ਮਹੀਨਾਵਾਰ ਟੈਸਟ ਨਹੀਂ ਹੋ ਸਕੇ।ਇਸ ਕਾਰਨ ਜੁਲਾਈ ਮਹੀਨੇ ਦੇ ਮਹੀਨਾਵਾਰ ਟੈਸਟਾਂ ਲਈ ਹੇਠ ਲਿਖੀ ਡੇਟਸ਼ੀਟ ਲਾਗੂ ਕੀਤੀ ਜਾਵੇ।

2.1

| **ਲੜੀ ਨੰ:** | **ਜਮਾਤ** | **ਨਾ ਹੋ ਸਕਣ ਵਾਲੇ ਟੈਸਟ, ਮਿਤੀ** | **ਨਵੀਆਂ ਨਿਸ਼ਚਿਤ ਮਿਤੀਆਂ** | **ਵਿਸ਼ੇਸ਼ ਕਥਨ** |
|---|---|---|---|---|
| 1. | ਛੇਵੀਂ ਤੋਂ ਦਸਵੀਂ | ਸਮਾਜਿਕ ਸਿੱਖਿਆ 25/05/09 | 18/07/09 | ਇਹ ਟੈਸਟ ਕੇਵਲ ਉਨ੍ਹਾਂ ਜ਼ਿਲ੍ਹਿਆਂ ਵਿਚ ਲਿਆ ਜਾਣਾ ਹੈ ਜਿਥੇ ਕਰਫ਼ਿਊ ਕਾਰਨ ਨਹੀਂ ਹੋ ਸਕਿਆ। |
| 2. | ਨੌਵੀਂ | ਮੈਥ 28/05/09 | 22/07/09 | ਉਹੀ |
| 3. | ਪੰਜਵੀਂ ਤੋਂ ਦਸਵੀਂ | ਮੈਥ 09/07/09 | 16/07/09 | ਛੁੱਟੀਆਂ ਵਧਣ ਕਾਰਨ 09/07/09 ਦਾ ਟੈਸਟ 16/07/09 ਨੂੰ ਲਿਆ ਜਾਵੇਗਾ। |
| 4. | ਪੰਜਵੀਂ ਤੋਂ ਦਸਵੀਂ | ਅੰਗਰੇਜ਼ੀ 13/07/09 | 14/07/09 | 13/07/09 ਨੂੰ ਛੁੱਟੀਆਂ ਤੋਂ ਬਾਅਦ ਪਹਿਲਾ ਦਿਨ ਹੋਣ ਕਾਰਨ ਇਹ ਟੈਸਟ 14/07/09 ਨੂੰ ਲਿਆ ਜਾਵੇ। |

2.2 ਜੁਲਾਈ ਮਹੀਨੇ ਦੇ ਬਾਕੀ ਮਹੀਨਾਵਾਰ ਟੈਸਟ ਆਪ ਨੂੰ ਪਹਿਲਾਂ ਦਿੱਤੇ ਸ਼ਡਿਊਲ ਅਨੁਸਾਰ (ਮਹੀਨੇ ਦੇ ਹਰ ਸੋਮਵਾਰ) ਹੀ ਹੋਣਗੇ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪੰਜਾਬ, ਚੰਡੀਗੜ੍ਹ